ਵਿਸ਼ਾ ਪੰਜਾਬੀ ਜਮਾਤ ਨੌਵੀਂ / ਦਸਵੀਂ ਸਾਲ ਅਪਰੈਲ 2020

# ਕਾਂਡ- 1 ਵਿਆਕਰਨ : ਪਰਿਭਾਸ਼ਾ, ਸਰੂਪ ਅਤੇ ਅੰਗ

ਪ੍ਰਸ਼ਨ 1. ਵਿਆਕਰਨ ਕਿਸ ਨੂੰ ਆਖਦੇ ਹਨ ? ਵਿਆਕਰਨ ਦੀ ਪਰਿਭਾਸ਼ਾ ਦਿਓ।

ਜਾਂ

ਵਿਆਕਰਨ ਦੇ ਸਰੂਪ ਬਾਰੇ ਜਾਣਕਾਰੀ ਦਿਓ।

ਉੱਤਰ:- ਵਿਆਕਰਨ ਅਜਿਹੀ ਵਿੱਦਿਆ ਹੈ, ਜਿਸ ਵਿੱਚ ਭਾਸ਼ਾ ਦੇ ਧੁਨੀ-ਉਚਾਰਨ, ਸ਼ਬਦ ਰਚਨਾ, ਸ਼ਬਦ-ਜੋੜਾਂ, ਸ਼ਬਦਾਰਥ ਅਤੇ ਵਾਕ-ਰਚਨਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਿਆਕਰਨਕ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਸਾਹਿਤਕ ਜਾਂ ਟਕਸਾਲੀ ਰੂਪ ਧਾਰਨ ਕਰਦੀ ਹੈ।

ਪ੍ਰਸ਼ਨ 2. ਵਿਆਕਰਨ ਦੀ ਕੀ ਮਹੱਤਤਾ ਹੈ ?

ਜਾਂ

ਵਿਆਕਰਨ ਦੀ ਪੜ੍ਹਾਈ ਕਿਉਂ ਜ਼ਰੂਰੀ ਹੈ ?

ਉੱਤਰ :- ਭਾਸ਼ਾ ਦੇ ਸ਼ੁੱਧ ਤੇ ਮਿਆਰੀ ਸਰੂਪ ਨੂੰ ਸਮਝਣ ਲਈ ਵਿਆਕਰਨ ਦੀ ਪੜ੍ਹਾਈ ਦੀ ਬੜੀ ਮਹੱਤਤਾ ਹੈ। ਇਸ ਦੇ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਟਕਸਾਲੀ ਰੂਪ ਧਾਰਨ ਕਰਦੀ ਹੈ। ਇਸ ਤੋਂ ਦੁਨੀਆਂ ਦੇ ਉਚਾਰਨ, ਸ਼ਬਦਾਂ ਦੀ ਬਣਤਰ ਤੇ ਵਾਕ-ਰਚਨਾ ਦਾ ਪਤਾ ਲੱਗਦਾ ਹੈ। ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਲਈ ਵਿਆਕਰਨ ਤੋਂ ਬਿਨਾਂ ਕੰਮ ਚੱਲਦਾ ਹੀ ਨਹੀਂ। ਇਸ ਕਰਕੇ ਸਕੂਲ ਪੱਧਰ ਤੇ ਵਿਆਕਰਨ ਦੀ ਪੜ੍ਹਾਈ ਜ਼ਰੂਰੀ ਹੈ।

ਪ੍ਰਸ਼ਨ 3. ਵਿਆਕਰਨ ਦਾ ਕੀ ਮੰਤਵ ਹੈ ?

ਉੱਤਰ :- ਵਿਆਕਰਨ ਦਾ ਮੰਤਵ ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਕ ਢੰਗ ਨਾਲ ਸਮਝਣਾ ਹੈ। ਇਸ ਰਾਹੀਂ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਕੱਢੇ ਜਾਂਦੇ ਹਨ। ਉਨ੍ਹਾਂ ਨਿਯਮਾਂ ਨੂੰ ਸਮੁੱਚੀ ਭਾਸ਼ਾ ਉੱਤੇ ਲਾਗੂ ਕਰਕੇ ਭਾਸ਼ਾ ਦਾ ਮਿਆਰੀ ਜਾਂ ਟਕਸਾਲੀ ਰੂਪ ਸਥਾਪਿਤ ਕੀਤਾ ਜਾਂਦਾ ਹੈ ਤੇ ਇਸੇ ਰਾਹੀਂ ਵਿਦੇਸ਼ੀਆਂ ਨੂੰ ਸੰਬੰਧਿਤ ਬੋਲੀ ਸਿਖਾਈ ਜਾਂਦੀ ਹੈ।

ਪ੍ਰਸ਼ਨ 4. ਪੰਜਾਬੀ ਵਿਆਕਰਨ ਕਿਸ ਨੂੰ ਕਹਿੰਦੇ ਹਨ ?

ਉੱਤਰ :- ਪੰਜਾਬੀ ਬੋਲੀ ਦੀ ਵਾਕ-ਰਚਨਾ, ਸ਼ਬਦ ਰਚਨਾ, ਸ਼ਬਦ-ਰੂਪਾਂ, ਸ਼ਬਦ-ਜੋੜਾਂ ਤੇ ਸ਼ਬਦਾਰਥ ਵਿੱਚ ਕੰਮ ਕਰਦੇ ਨਿਯਮਾਂ ਨੂੰ ਪੰਜਾਬੀ ਵਿਆਕਰਨ ਕਿਹਾ ਜਾਂਦਾ ਹੈ। ਇਨ੍ਹਾਂ ਨਿਯਮਾਂ ਦੀ ਵਰਤੋਂ ਨਾਲ ਹੀ ਪੰਜਾਬੀ ਦਾ ਸਾਹਿਤਕ ਰੂਪ ਨਿਸ਼ਚਿਤ ਕੀਤਾ ਜਾਂਦਾ ਹੈ।

ਪ੍ਰਸ਼ਨ 5. ਵਿਆਕਰਨ ਦੇ ਕਿੰਨੇ ਭਾਗ ਹਨ ?

ਜਾਂ

ਵਿਆਕਰਨ ਦੇ ਮੁੱਖ ਅੰਗ ਕਿਹੜੇ ਕਿਹੜੇ ਹਨ ?

ਜਾਂ

ਭਾਸ਼ਾ ਦੇ ਵੱਖ ਵੱਖ ਅੰਗਾਂ ਦੇ ਅਧਿਐਨ ਅਨੁਸਾਰ ਵਿਆਕਰਨ ਦੇ ਕਿਹੜੇ-ਕਿਹੜੇ ਅੰਗ ਹਨ ?

ਉੱਤਰ :-ਵਿਆਕਰਨ ਭਾਸ਼ਾ ਦੇ ਵਰਤਾਰੇ ਦੀ ਵਿਆਖਿਆ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਲਈ ਪੰਜਾਬੀ ਵਿਆਕਰਨ ਦੇ ਅੰਗ ਹੇਠ ਲਿਖੇ ਹਨ :-

ਧੁਨੀ ਬੋਧ (ਵਰਣ ਬੋਧ)

ਸ਼ਬਦ ਬੋਧ

ਵਾਕ ਬੋਧ ਤੇ

ਅਰਥ ਬੋਧ

ਇਸ ਤੋਂ ਬਿਨਾਂ ਵਿਆਕਰਨ ਵਿੱਚ ਵਿਸ਼ਰਾਮ ਚਿੰਨ੍ਹਾਂ, ਸ਼ਬਦ-ਜੋੜਾਂ, ਮੁਹਾਵਰਿਆਂ, ਮੁਹਾਵਰੇਦਾਰ ਵਾਕੰਸ਼ਾਂ ਤੇ ਅਖਾਣਾਂ ਦੀ ਚਰਚਾ ਵੀ ਕੀਤੀ ਜਾਂਦੀ ਹੈ।

**ਤਿਆਰ ਕਰਤਾ**

**ਸੰਦੀਪ ਸਿੰਘ**

**ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ**

**ਭਿੰਡੀ ਔਲਖ ( ਅੰਮ੍ਰਿਤਸਰ )**